Punjab Government Gazette

Published by Authority

No. 21] CHANDIGARH, FRIDAY, MAY 22, 2026 (JYAISTHA 1 , 1948 SAKA)

PART I

Punjab Government Notifications and Orders

ਪੰਜਾਬ ਸਰਕਾਰ

ਦਫਤਰ ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾਂ), ਕਮ ਸੁਪਰਡੈਂਟ ਹੈਡਕੁਆਟਰ ਜੇਲ੍ਹ ਫਿਰੋਜਪੁਰ ਸਰਕਲ

ਹੁਕਮ PhNo: 01632-244614

ਮਿਤੀ 27 ਫਰਵਰੀ, 2026 Email:dig.prisons.fzr@ punjab.gov.in

ਨੰ:72.-

1. ਵਾਰਡਰ ਵਰਿੰਦਰ ਕੁਮਾਰ ਨੰ: 997 ਕੇਂਦਰੀ ਜੇਲ੍ਹ ਬਠਿੰਡਾ ਨੂੰ ਦਫ਼ਤਰ ਡਿਪਟੀ ਇੰਸਪੈਕਟਰ ਜਨਰਲ ਜੇਲ੍ਹਾ-ਕਮ-ਸੁਪਰਡੈਟ ਹੈਡਕੁਆਟਰ ਜੇਲ੍ਹ ਪਟਿਆਲਾ ਵੱਲੋਂ ਹੁਕਮ ਨੰ: 27 ਮਿਤੀ 01-03-2023 ਅਤੇ ਪਿੱਠ ਅੰਕਣ ਨੰ: 506 ਮਿਤੀ 01-03-2023 ਰਾਂਹੀ ਬਤੌਰ ਵਾਰਡਰ ਭਰਤੀ ਕੀਤਾ ਗਿਆ ਸੀ ਅਤੇ ਇਸ ਦੀ ਪੋਸਟਿੰਗ ਜਿਲ੍ਹਾ ਜੇਲ੍ਹ ਸੰਗਰੂਰ ਵਿਖੇ ਕੀਤੀ ਸੀ। ਇਸ ਕਰਮਚਾਰੀ ਵੱਲੋਂ ਮਿਤੀ 13-03-2023 ਨੂੰ ਸਵੇਰ ਤੋਂ ਜਿਲ੍ਹਾ ਸੰਗਰੂਰ ਵਿਖੇ ਆਪਣੀ ਹਾਜ਼ਰੀ ਰਿਪੋਰਟ ਦਿੱਤੀ। ਇਸ ਉਪਰੰਤ ਇਸ ਕਰਮਚਾਰੀ ਦੀ ਬਦਲੀ ਮੁੱਖ ਦਫਤਰ ਦੇ ਹੁਕਮ ਨੰ: 03 ਮਿਤੀ 04-01-2024 ਅਤੇ ਪਿੱਠ ਅੰਕਣ ਨੰ: ਜੀ.ਆਈ/ਅਮਲਾ-/ਅ-4/153-156 ਮਿਤੀ 04-01-2024 ਰਾਂਹੀ ਜਿਲ੍ਹਾਂ ਜੇਲ੍ਹ ਸੰਗਰੂਰ ਤੋਂ ਕੇਂਦਰੀ ਜੇਲ੍ਹ ਬਠਿੰਡਾ ਵਿਖੇ ਹੋਣ ਤੇ ਇਹ ਕਰਮਚਾਰੀ ਕੇਂਦਰੀ ਜੇਲ੍ਹ ਬਠਿੰਡਾ ਵਿਖੇ ਮਿਤੀ 18-01-2024 ਨੂੰ ਹਾਜ਼ਰ ਹੋਇਆ ਸੀ।

2. ਸੁਪਰਡੈਂਟ, ਕੇਂਦਰੀ ਜੇਲ੍ਹ ਬਠਿੰਡਾ ਦੇ ਪੱਤਰ ਨੰ: 569 ਮਿਤੀ 28-12-2025 ਅਨੁਸਾਰ ਇਸ ਕਰਮਚਾਰੀ ਦੀ ਮਿਤੀ 27-12-2025 ਨੂੰ ਕੈਦੀ ਬਲਾਕ ਨੰ: 01 ਅਤੇ 02 ਤੇ ਦੁਪਿਹਰ 1-00 ਤੋਂ ਸ਼ਾਮ 7-00 ਵਜੇ ਤੱਕ ਡਿਊਟੀ ਸੀ। ਸੁਪਰਡੈਟ ਜੇਲ੍ਹ ਨੂੰ ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਸਬੰਧੀ ਗੁਪਤ ਸੂਚਨਾਂ ਪ੍ਰਾਪਤ ਹੋਈ, ਕਿ ਇਹ ਕਰਮਚਾਰੀ ਜੇਲ੍ਹ ਅੰਦਰ ਬੰਦ ਬੰਦੀਆਂ ਦੇ ਸਪੰਰਕ ਵਿੱਚ ਹੋਣ ਤੇ ਉਨਾਂ ਨੂੰ ਵਰਜਿਤ ਵਸਤੂਆਂ ਸਪਲਾਈ ਕਰ ਰਿਹਾ ਹੈ। ਸੁਪਰਡੈਂਟ ਜੇਲ੍ਹ ਵਲੋਂ ਉੱਕਤ ਕਰਮਚਾਰੀ ਦੀਆਂ ਗਤੀਵਿਧੀਆਂ ਸ਼ੱਕੀ ਹੋਣ ਕਾਰਨ ਸ਼੍ਰੀ ਪਰਮਜੀਤ ਸਿੰਘ ਸਹਾਇਕ ਸੁਪਰਡੰਟ (ਓ.ਪੀ.ਐਸ) ਲਾਈਨ ਅਫਸਰ ਅਤੇ ਸ਼੍ਰੀ ਸ਼ਿਵ ਕੁਮਾਰ ਡਿਪਟੀ ਸੁਪਰਡੰਟ (ਸਕਿ:) ਦੀ ਡਿਊਟੀ ਲਗਾਈ ਕਿ ਇਸ ਦੀ ਜਾਮਾ ਤਲਾਸ਼ੀ ਅਤੇ ਹੋਸਟਲ ਦੇ ਕਮਰੇ ਦੀ ਪੁਲਿਸ ਪਾਰਟੀ ਨੂੰ ਨਾਲ ਲੈ ਕੇ ਤਲਾਸੀ ਕਰਵਾਈ ਜਾਵੇ।

3. ਸ਼੍ਰੀ ਪਰਮਜੀਤ ਸਿੰਘ ਲਾਈਨ ਅਫਸਰ ਕੇਂਦਰੀ ਜੇਲ੍ਹ ਬਠਿੰਡਾ ਵੱਲੋਂ ਪੱਤਰ ਨੰ: 21044 ਮਿਤੀ 27-12-2025 ਰਾਂਹੀ ਮੁੱਖ ਅਫਸਰ ਥਾਂਣਾਂ ਨੇਹੀਆਵਾਲਾ ਜਿਲਾ ਬਠਿੰਡਾ ਨੂੰ ਲਿਖਿਆ ਗਿਆ। ਜਿਸ ਤੇ ਸਬੰਧਤ ਥਾਣੇ ਦੇ ਤਫਤੀਸ਼ੀ ਅਫਸਰ ਸ਼੍ਰੀ ਕੁਲਵਿੰਦਰ ਸਿੰਘ ਸ:ਥ ਵੱਲੋਂ ਕਾਰਵਾਈ ਕਰਦੇ ਹੋਏ ਸ਼੍ਰੀ ਸ਼ਿਵ ਕੁਮਾਰ ਡਿਪਟੀ ਸੁਪਰਡੰਟ (ਸਕਿ:) ਅਤੇ ਸ਼੍ਰੀ ਪਰਮਜੀਤ ਸਿੰਘ ਲਾਈਨ ਅਫਸਰ ਕੇਂਦਰੀ ਜੇਲ੍ਹ ਬਠਿੰਡਾ ਦੇ ਹਾਜਰੀ ਵਿੱਚ ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਕੇਂਦਰੀ ਜੇਲ੍ਹ ਬਠਿੰਡਾ ਦੇ ਜਨਾਂਨਾਂ ਜੇਲ੍ਹ ਬਠਿੰਡਾ ਦੀ ਹਦੂਦ ਅੰਦਰ ਬਣੇ ਹੌਸਟਲ ਕਮਰਾ ਨੰ: 42 ਅਤੇ ਇਸ ਦੇ ਬੈਡ ਦੀ ਤਲਾਸ਼ੀ ਦੌਰਾਨ ਨਿਮਨ-ਲਿਖਤ ਅਨੁਸਾਰ

ਨਸ਼ੀਲੇ ਪਦਾਰਥ ਬਰਾਮਦ ਹੋਏ:-

ਲੜੀ ਨੰ:	ਨਸ਼ੀਲੇ ਪਦਾਰਥ ਦਾ ਨਾਂਮ	ਕਿੰਨੀ ਮਾਤਰਾ ਵਿੱਚ ਬਰਾਮਦ ਹੋਇਆ
1	ਨਸ਼ੀਲਾ ਕੈਪਸੂਲ	60 ਕੈਪਸੂਲ
2	ਜਰਦੇ ਦੀਆਂ ਪੁੜੀਆਂ ਮਾਰਕਾ ਅਸੂੰਲ	16 ਪੁੜੀਆਂ
3	ਤੰਬਾਕੂ ਪੁੜੀ ਪੱਤਾ ਛਾਪ	02 ਪੈਕਟ
4	ਪੈਕਟ ਤੰਬਾਕੂ ਮਾਰਕਾ ਟਰੱਕ	01 ਪੈਕਟ
5	ਪੈਕਟ ਤੰਬਾਕੂ ਗਨੇਸ਼ਾ ਛਾਪ	01 ਪੈਕਟ
6	ਡੱਬੀਆਂ ਕਲਾਸਿਕ ਸਿਗਰਟ	02 ਡੱਬੀਆਂ
7	ਖੁੱਲੀ ਡੱਬੀ ਵਿੱਚ	03 ਸਿਗਰਟਾਂ
8	ਮੌਮੀ ਪਾਰਦਰਸ਼ੀ ਖਾਲੀ	70 ਲਿਫਾਫੀਆਂ
9	ਹੀਰੋ-ਇੰਨ	27 ਗ੍ਰਾਮ
10	ਅਫੀਮ	21 ਗ੍ਰਾਮ

ਉੱਕਤ ਤੋਂ ਇਲਾਵਾ ਦੋਰਾਨੇ ਤਲਾਸ਼ੀ ਇਸ ਕਰਮਚਾਰੀ ਪਾਸੋਂ ਇਸ ਦੀ ਪਹਿਣੀ ਲੋਅਰ ਦੀ ਸੱਜੀ ਜੇਬ ਵਿੱਚੋਂ ਇੱਕ ਮੋਬਾਇਲ ਫੋਨ ਮਾਰਕਾ ਆਈ ਫੋਨ 13 ਰੰਗ ਹਰਾ ਸਮੇਤ ਸਿੰਮ ਨੰਬਰ 73472-72029 ਸਮੇਤ ਕਵਰ ਪਲਾਸਟਿਕ ਜਿਸਨੂੰ ਕਵਰ ਵਿੱਚੋਂ ਕੱਢਕੇ ਚੈਕ ਕੀਤਾ ਜੋ ਫੋਨ ਦੇ ਕਵਰ ਵਿੱਚੋਂ 500/500 ਦੇ 03 ਤਿੰਨ ਭਾਰਤੀ ਕਰੰਸੀ ਨੋਟ ਕੁੱਲ 1500 ਰੁੱਪਏ ਦੇ ਭਾਰਤੀ ਕਰੰਸੀ ਨੋਟ ਅਤੇ ਲੋਅਰ ਦੀ ਖੱਬੀ ਜੇਬ ਵਿੱਚੋਂ ਇੱਕ ਮੋਬਾਇਲ ਫੋਨ ਮਾਰਕਾ ਵੀਵੋ ਸਮੇਤ ਸਿੰਮ ਨੰਬਰ 63769-76800 ਬਰਾਮਦ ਹੋਣ ਤੇ ਉਕਤ ਦੋਸ਼ਾਂ ਵਿੱਚ ਇਸ ਕਰਮਚਾਰੀ ਵਿਰੁੱਧ ਮੁਕੱਦਮਾਂ ਨੰ:305 ਮਿਤੀ 28-12-2025 ਅ/ਧ 21ਬੀ,18ਏ/61/85, ਐਨ.ਡੀ.ਪੀ.ਸੀ.ਐਕਟ,/223 ਬੀ.ਐਨ.ਐਸ ਥਾਣਾ ਨੇਹਿਆਵਾਲ ਜਿਲਾ ਬਠਿੰਡਾ ਦਰਜ ਕੀਤਾ ਗਿਆ।

4. ਸੁਪਰਡੈਂਟ, ਕੇਂਦਰੀ ਜੇਲ੍ਹ ਬਠਿੰਡਾ ਦੇ ਪਿੱਠ ਅੰਕਣ ਨੰ: 565-568 ਮਿਤੀ 28-12-2025 ਰਾਂਹੀ ਮਿਤੀ 28-12-2025 ਰਾਂਹੀ ਉੱਕਤ ਅਨੁਸਾਰ ਵਾਰਡਰ ਵਰਿੰਦਰ ਕੁਮਾਰ ਨੰ: 997 ਤੋਂ ਨਸ਼ੀਲੇ ਪਦਾਰਥ ਬਰਾਮਦ ਹੋਣ ਅਤੇ ਮੁਕੱਦਮਾ ਦਰਜ ਹੋਣ ਕਾਰਨ ਮਿਤੀ 28-12-2025 ਸਵੇਰ ਤੋਂ ਡਿਊਟੀ ਤੋਂ ਮੁਅੱਤਲ ਕੀਤਾ ਗਿਆ ਅਤੇ ਇਸ ਦਫ਼ਤਰ ਦੇ ਪੱਤਰ ਨੰ: 4690 ਮਿਤੀ 29-12-2025 ਰਾਂਹੀ ਵਾਰਡਰ ਵਰਿੰਦਰ ਕੁਮਾਰ ਨੰ: 997 ਦੀ ਮੁਅੱਤਲੀ ਕੰਨਫਰਮ ਕੀਤੀ ਗਈ।

5. ਮੁੱਖ ਦਫ਼ਤਰ ਵੱਲੋਂ ਪੱਤਰ ਨੰ: ਜੀ.ਆਈ/ਅਮਲਾ-2/ਅ-4/9587 ਮਿਤੀ 29-12-2025 ਰਾਂਹੀ ਉੱਕਤ ਮਾਮਲੇ ਦੀ ਪੜਤਾਲ ਕਰਨ ਲਈ ਲਿਖਿਆ ਗਿਆ। ਇਸ ਉਪਰੰਤ ਇਸ ਦਫਤਰ ਦੇ ਪੱਤਰ ਨੰ: 4743 ਮਿਤੀ 01-01-2026 ਰਾਂਹੀ ਸੁਪਰਡੈਟ, ਕੇਂਦਰੀ ਜੇਲ੍ਹ ਬਠਿੰਡਾ ਨੂੰ ਇਸ ਮਾਮਲੇ ਸਬੰਧੀ ਤੱਥ ਤਸਦੀਕ ਕਰਕੇ ਰਿਪੋਰਟ ਭੇਜਣ ਲਈ ਲਿਖਿਆ ਗਿਆ।

6. ਸੁਪਰਡੈਟ, ਕੇਂਦਰੀ ਜੇਲ੍ਹ ਬਠਿੰਡਾ ਵੱਲੋਂ ਪੱਤਰ ਨੰ: 33 ਮਿਤੀ 09-01-2026, ਪੱਤਰ ਨੰ: 116 ਮਿਤੀ 19-01-2026 ਅਤੇ ਪੱਤਰ ਨੰ: 497 ਮਿਤੀ 20-01-2026 ਰਾਂਹੀ ਉਕਤ ਕੇਸ ਵਿੱਚ ਰਿਪੋਰਟ ਇਸ ਦਫਤਰ ਨੂੰ ਭੇਜੀ ਗਈ। ਜਿਸ ਅਨੁਸਾਰ ਇਹ ਤੱਥ ਸਾਹਮਣੇ ਆਏ ਹਨ ਕਿ ਸੁਪਰਡੈਂਟ ਕੇਂਦਰੀ ਜੇਲ੍ਹ ਬਠਿੰਡਾ ਵੱਲੋਂ ਸ਼੍ਰੀ ਸਿਵ ਕੁਮਾਰ ਡਿਪਟੀ ਸੁਪਰਡੈਂਟ, (ਸਕਿਉਰਟੀ) ਅਤੇ ਸ਼੍ਰੀ ਪਰਮਜੀਤ ਸਿੰਘ ਸਹਾਇਕ ਸੁਪਰਡੈਂਟ (ਲਾਈਨ ਅਫਸਰ), ਕੇਂਦਰੀ ਜੇਲ੍ਹ ਬਠਿੰਡਾ ਨੂੰ ਥਾਣਾ ਨੇਹਿਆਵਾਲਾ ਦੇ ਤਫਤੀਸ਼ੀ ਅਫਸਰ ਨੂੰ ਨਾਲ ਲੈ ਕੇ ਵਾਰਡਰ ਵਰਿੰਦਰ ਸਿੰਘ ਪੇਟੀ ਨੰ: 997 ਅਤੇ ਉਸਦੇ ਕਮਰਾ ਨੰ: 42 ਦੀ ਤਲਾਸ਼ੀ ਕਰਨ ਲਈ ਕਿਹਾ ਗਿਆ ਤਾਂ ਉੱਕਤ ਕਰਮਚਾਰੀ ਦੇ ਕਮਰਾ ਨੰ: 42 ਵਿੱਚ ਤਲਾਸ਼ੀ ਦੌਰਾਨ ਨਸ਼ੀਲਾ ਪਦਾਰਥ ਰੰਗ ਚਿੱਟਾ-27 ਗ੍ਰਾਮ, ਨਸ਼ੀਲਾ ਪਦਾਰਥ ਰੰਗ ਕਾਲਾ-1 ਗ੍ਰਾਮ, ਪੁੜੀਆ ਮਾਰਕਾ ਅਸੂੰਲ-16 ਜਰਦੇ, ਤੰਬਾਕੂ ਪੁੜੀ ਪੱਤਾ ਛਾਪ-02 ਪੈਕਟ, ਤੰਬਾਕੂ ਮਾਰਕਾ ਟਰੱਕ-01 ਪੈਕਟ, ਤੰਬਾਕੂ ਗੇਨਸ਼ਾ ਛਾਪ (20 ਪੁੜੀਆ)-01 ਪੈਕਟ, ਕਲਾਸਿਕ ਸਿਗਰਟ-02 ਡੱਬੀਆ (ਇੱਕ ਬੰਦ ਡੱਬੀ ਅਤੇ ਦੂਸਰੀ ਖੁੱਲੀ ਡੱਬੀ ਜਿਸ ਵਿੱਚ 03 ਸਿਗਰਟਾਂ, ਮੋਮੀ ਪਾਰਦਰਸ਼ੀ ਖਾਲੀ-70 ਪੰਨੀਆ ਅਤੇ ਨਸ਼ੀਲੇ ਕੈਪਸੂਲ ਲਾਲ ਰੰਗ-60 ਕੈਪਸੂਲ ਪਦਾਰਥ ਬਰਾਮਦ ਹੋਇਆ।ਜਿਸ ਤੇ ਮੁੱਖ ਅਫਸਰ ਥਾਣਾ ਨੇਹਿਆਵਾਲਾ ਵੱਲੋਂ ਕਾਰਵਾਈ ਕਰਦੇ ਹੋਏ ਉੱਕਤ ਕਰਮਚਾਰੀ ਵਿਰੁੱਧ ਕੇਸ ਮੁਕੱਦਮਾ ਨੰ: 305 ਮਿਤੀ 28-12-2025 ਅ/ਧ 21ਬੀ,18ਏ/61/85, ਐਨ.ਡੀ.ਪੀ.ਸੀ.ਐਕਟ,/223 ਬੀ.ਐਨ.ਐਸ ਥਾਣਾ

ਨੇਹਿਆਵਾਲਾ ਜਿਲਾ ਬਠਿੰਡਾ ਦਰਜ ਕੀਤਾ ਗਿਆ। ਮੁੱਖ ਅਫਸਰ ਵੱਲੋਂ ਤਫਤੀਸ਼ ਦੌਰਾਨ ਸਾਹਮਣੇ ਆਇਆ ਹੈ ਕਿ ਉਕਤ ਕਰਮਚਾਰੀ ਹਵਾਲਾਤੀ ਨਿਸ਼ਾਨ ਸਿੰਘ ਪੁੱਤਰ ਪ੍ਰਗਟ ਸਿੰਘ ਵਾਸੀ ਭੀਖੀਵਿੰਡ ਜਿਲ੍ਹਾ ਤਰਨ ਦੇ ਸਪੰਰਕ ਵਿੱਚ ਸੀ ਅਤੇ ਉਕਤ ਵਸਤਾਂ ਨੂੰ ਮੁਲਾਜਮ ਵੱਲੋਂ ਇਸ ਬੰਦੀ ਨੂੰ ਸਪਲਾਈ ਕੀਤੀ ਜਾਂਣੀਆਂ ਸਨ। ਇਸ ਤੋਂ ਇਲਾਵਾ ਮੁਲਾਜਮ ਦਾ ਹੋਰ ਵੀ ਕਈ ਅੰਦਰਲੇ ਬੰਦੀਆਂ ਨਾਲ ਤਾਲਮੇਲ ਸੀ। ਇਸ ਸਬੰਧੀ ਮਾਮਲਾ ਜੇਰੇ ਤਫਤੀਸ਼ ਹੈ। ਉਕਤ ਕਰਮਚਾਰੀ ਦੇ ਵਿਰੁੱਧ ਸਖਤ ਤੋਂ ਸਖਤ ਵਿਭਾਗੀ ਕਾਰਵਾਈ ਕਰਨ ਲਈ ਸਿਫਾਰਿਸ ਕੀਤੀ ਗਈ।

7. ਵਾਰਡਰ ਵਰਿੰਦਰ ਕੁਮਾਰ ਨੰ: 997 ਕੇਂਦਰੀ ਜੇਲ੍ਹ ਬਠਿੰਡਾ ਪਾਸੋਂ ਉਕਤ ਅਨੁਸਾਰ ਨਸ਼ੀਲੇ ਪਦਾਰਥ ਬਰਾਮਦ ਹੋਣ ਕਾਰਨ। ਇਸ ਕਰਮਚਾਰੀ ਪਾਸੋਂ ਨਸ਼ੇ ਦੀ ਬਰਾਮਦਗੀ ਹੋਣ ਕਰਕੇ ਇਸ ਨੇ ਪੰਜਾਬ ਪ੍ਰੀਜਨ ਰੂਲਜ 2022 ਦੇ ਪੈਰਾ ਨੰ: 35.113,35.115,35.129,35.137,35.143, ਦੀ ਘੋਰ ਉਲੰਘਣਾ ਦੇ ਨਾਲ-ਨਾਲ ਪੰਜਾਬ ਗੋਰਮਿੰਟ ਇੰਪਲਾਈਜ ਕੰਡਕਟ ਰੂਲਜ 1966 ਦੇ ਰੂਲ (3) ਦੇ (i)(ii)(iii) ਦੀ ਵੀ ਘੋਰ ਉਲੰਘਣਾਂ ਕੀਤੀ ਹੈ।

8. ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਮਿਤੀ 13-03-2023 ਨੂੰ ਜੇਲ੍ਹ ਵਿਭਾਗ ਵਿੱਚ ਭਰਤੀ ਹੋਇਆ ਸੀ, ਇਸ ਕਰਮਚਾਰੀ ਦਾ ਪਰਖਕਾਲ ਸਮਾਂ ਅਜੇ ਪੂਰਾ ਨਹੀਂ ਹੋਇਆ। ਕਰਮਚਾਰੀ ਦੇ ਨਿਯੁਕਤੀ ਪੱਤਰ ਦੇ ਲੜੀ ਨੰ: 07 ਵਿੱਚ ਰੱਖੀ ਸ਼ਰਤ ਅਨੁਸਾਰ ਉਮੀਦਵਾਰ ਸਰਕਾਰ ਦੀਆਂ ਹਦਾਇਤਾ ਅਨੁਸਾਰ 03 ਸਾਲ ਦੀ ਮੁੱਦਤ ਲਈ ਪਰਖ ਸਮੇਂ ਤੇ ਰਹੇਗਾ। ਇਸ ਸਮੇਂ ਦੌਰਾਨ ਉਸ ਦਾ ਕੰਮ ਕਾਜ ਨਾ ਤਸੱਲੀ ਬਖਸ਼ ਹੋਣ ਦੀ ਸੂਰਤ ਵਿੱਚ ਉਸ ਦੀਆਂ ਸੇਵਾਵਾਂ ਬਿਨਾਂ ਕਿਸੇ ਨੋਟਿਸ ਦੇ ਖਤਮ ਕੀਤੀਆਂ ਜਾ ਸਕਦੀਆਂ ਹਨ ਜਾਂ ਫਿਰ ਉਸ ਦੇ ਪਰਖ ਸਮੇਂ ਵਿੱਚ ਵਾਧਾ ਕੀਤਾ ਜਾ ਸਕਦਾ ਹੈ।

9. ਇਸ ਤਰ੍ਹਾਂ ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਸਰਕਾਰੀ ਕਰਮਚਾਰੀ ਹੁੰਦੇ ਹੋਏ ਕਾਨੂੰਨ ਅਤੇ ਜੇਲ੍ਹ ਨਿਯਮਾਂ ਤੋਂ ਭਲੀਭਾਂਤ ਜਾਣੂ ਹੁੰਦ ਹੋਏ, ਇਹਨਾਂ ਨਿਯਮਾਂ ਨੂੰ ਅਣਗੋਲਿਆ ਕਰਕੇ ਜੇਲ੍ਹ ਅੰਦਰ ਬੰਦੀਆਂ ਨਾਲ ਸਬੰਧ ਰੱਖਦੇ ਉਨ੍ਹਾਂ ਨੂੰ ਨਸ਼ੇ ਦੀ ਸਪਲਾਈ ਕਰਨ ਦੀ ਮਿਲੀਭੁਗਤ ਸਾਹਮਣੇ ਆਉਣ ਕਰਕੇ ਜੇਲ੍ਹ ਨਿਯਮਾਂ/ਹਦਾਇਤਾਂ/ਰੂਲਾਂ ਦੀ ਉਲੰਘਣਾ ਕੀਤੀ ਹੈ। ਇਸ ਨਾਲ ਜੇਲ੍ਹ ਮਹਿਕਮੇ ਦਾ ਅਕਸ ਖਰਾਬ ਹੋਇਆ ਹੈ। ਸੁਪਰਡੈਂਟ ਕੇਂਦਰੀ ਜੇਲ੍ਹ ਬਠਿੰਡਾ ਦੀ ਰਿਪੋਰਟ/ਰਿਕਾਰਡ ਅਨੁਸਾਰ ਇਸ ਕਰਮਚਾਰੀ ਦਾ ਪਰਖਕਾਲ ਦਾ ਸਮਾਂ ਅਜੇ ਪੂਰਾ ਨਹੀਂ ਹੋਇਆ ਸੀ ਅਤੇ ਪਰਖਕਾਲ ਸਮੇਂ ਦੋਰਾਨ ਹੀ ਇਸ ਕਰਮਚਾਰੀ ਪਾਸੋ ਉਕਤ ਅਨੁਸਾਰ ਨਸ਼ੀਲੇ ਪਦਾਰਥ ਬਰਾਮਦ ਹੋਣ ਅਤੇ ਇਸ ਨੇ ਜੇਲ੍ਹ ਅੰਦਰ ਬੰਦੀਆਂ ਨਾਲ ਮਿਲੀਭੁਗਤ ਕਰਨ ਦੀਆਂ ਗਤੀਵਿਧੀਆ ਵਿੱਚ ਸ਼ਾਮਿਲ ਹੋ ਕੇ ਗੰਭੀਰ ਦੁਰਾਚਾਰ ਕੀਤਾ ਹੈ ਅਤੇ ਵਿਭਾਗ ਅਤੇ ਸਰਕਾਰ ਪ੍ਰਤੀ ਵਫਾਦਾਰੀ ਨਹੀਂ ਨਿਭਾਈ ਹੈ। ਅਜਿਹੇ ਘੋਰ ਦੁਰਾਚਾਰੀ ਕਰਮਚਾਰੀ ਨੂੰ ਸਰਕਾਰੀ ਨੌਕਰੀ ਵਿੱਚ ਰੱਖਣਾ ਸਰਕਾਰ/ਲੋਕ ਹਿੱਤ ਵਿੱਚ ਨਹੀਂ ਹੈ।

10. ਇਸ ਲਈ ਸੁਪਰਡੈਟ, ਕੇਂਦਰੀ ਜੇਲ੍ਹ ਬਠਿੰਡਾ ਵੱਲੋਂ ਭੇਜੀ ਰਿਪੋਰਟ/ਰਿਕਾਰਡ ਨੂੰ ਗੋਹ ਨਾਲ ਵਾਚਦੇ ਹੋਏ ਅਤੇ ਉਨ੍ਹਾਂ ਵੱਲੋਂ ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਵਿਰੁੱਧ ਸਖਤ ਤੋਂ ਸਖਤ ਕਾਰਵਾਈ ਕਰਨ ਦੀ ਕੀਤੀ ਗਈ ਸ਼ਿਫਾਰਸ਼ ਅਤੇ ਉਕਤ ਤੱਥਾ ਨੂੰ ਮੁੱਖ ਰੱਖਦੇ ਹੋਏ ਮੈਂ ਸੁਰਿੰਦਰਜੀਤ ਸਿੰਘ ਮੰਡ, (ਆਈ.ਪੀ.ਐਸ), ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ, (ਜੇਲ੍ਹਾਂ)-ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਫਿਰੋਜ਼ਪੁਰ ਸਰਕਲ, ਵਾਰਡਰ ਦੀਆ ਸੇਵਾਵਾਂ ਖਤਮ ਕਰਨ ਦਾ ਅਧਿਕਾਰ ਰੱਖਦਾ ਹੋਇਆ, ਪੰਜਾਬ ਜੇਲ੍ਹ ਡਿਪਾਰਟਮੈਂਟ ਸਟੇਟ ਸਰਵਿਸ (ਕਲਾਸ-111) ਐਗਜੈਕਟਿਵ ਰੂਲਜ, 1963 ਦੇ ਅਪੈਡਿਕਸ ਬੀ 4 (ਬੀ) ਤਹਿਤ ਸਮੱਰਥ ਅਧਿਕਾਰੀ ਹੁੰਦੇ ਹੋਏ (Punishing Authority) ਉਪਰੋਕਤ ਤੱਥਾਂ ਦੇ ਅਧਾਰ ਤੇ ਹੋਰ ਡਿਟੇਲ ਇੰਨਕੁਆਰੀ ਦੀ ਜਰੂਰਤ ਨਾ ਸਮਝਦੇ ਹੋਏ (It is not reasonabley practicable to hold such inquiry) ਵਾਰਡਰ ਵਰਿੰਦਰ ਕੁਮਾਰ ਨੰ: 997 ਵੱਲੋਂ ਪੰਜਾਬ ਪ੍ਰੀਜਨ ਰੂਲਜ 2022 ਦੇ ਉਪਬੰਧਾ ਦੇ ਉਲਟ ਬੰਦੀਆਂ ਨਾਲ ਸੰਪਰਕ ਰੱਖਣ ਅਤੇ ਕਰਮਚਾਰੀ ਪਾਸੋ ਉਕਤ ਪੈਰਾ ਨੰ: 03 ਅਨੁਸਾਰ ਨਸ਼ੀਲੀਆ ਵਸਤੂ ਬਰਾਮਦ ਹੋਣ ਤੇ ਮੁਕੱਦਮਾ ਨੰ: 305 ਮਿਤੀ 28-12-2025 ਅ/ਧ 21ਬੀ,18ਏ/61/85, ਐਨ.ਡੀ.ਪੀ.ਸੀ.ਐਕਟ,/223 ਬੀ.ਐਨ.ਐਸ ਥਾਣਾ ਨੇਹਿਆਵਾਲਾ ਜਿਲਾ ਬਠਿੰਡਾ ਦਰਜ ਹੋਣ ਕਾਰਨ, ਕਰਮਚਾਰੀ ਵੱਲੋਂ ਨਿਯੁਕਤੀ ਪੱਤਰ ਵਿੱਚ ਲੜੀ ਨੰ: 07 ਤੇ ਦਰਜ ਸ਼ਰਤ ਅਨੁਸਾਰ ਪਰਖਕਾਲ ਦਾ ਸਮਾਂ ਤਸੱਲੀਬਖਸ਼ ਪੂਰਾ ਨਾ ਕਰਨ ਅਤੇ ਸੁਪਰਡੈਂਟ, ਕੇਂਦਰੀ ਜੇਲ੍ਹ ਬਠਿੰਡਾ ਦੀ ਸ਼ਿਫਾਰਸ਼ ਨੂੰ ਮੁੱਖ ਰੱਖਦੇ ਹੋਏ, ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997 ਕੇਂਦਰੀ ਜੇਲ੍ਹ ਬਠਿੰਡਾ ਦੀਆਂ ਸੇਵਾਵਾਂ ਸੰਵਿਧਾਨ ਦੀ ਧਾਰਾ 311(2) ਬੀ ਤਹਿਤ ਤੁਰੰਤ ਤੋਂ ਬਰਖਾਸਤ (ਡਿਸਮਿਸ) ਕੀਤੀਆਂ ਜਾਂਦੀਆਂ ਹਨ। ਇਹ ਬਰਖਾਸਤੀ ਅਜਿਹੀ ਹੋਵੇਗੀ ਜਿਸ ਨਾਲ ਇਹ ਕਰਮਚਾਰੀ ਅੱਗੇ ਤੋਂ ਕਿਸੇ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਨ ਦੇ ਯੋਗ ਨਹੀਂ ਹੋਵੇਗਾ।

ਇਸ ਕਰਮਚਾਰੀ ਦੇ ਪਰਟੀਕੂਲਰਜ ਹੇਠ ਲਿਖੇ ਅਨੁਸਾਰ ਹਨ:-

1.	ਨਾਮ	:	ਵਾਰਡਰ ਵਰਿੰਦਰ ਕੁਮਾਰ ਪੇਟੀ ਨੰ: 997
2.	ਪਿਤਾ ਦਾ ਨਾਮ	:	ਵਿਸ਼ਨੂੰ ਦੱਤ
3.	ਘਰੇਲੂ ਪਤਾ	:	ਪਿੰਡ ਖੈਰਪੁਰ, ਬਹਾਵਵਾਲਾ, ਜਿਲ੍ਹਾ ਫਾਜਿਲਕਾ, ਪੰਜਾਬ
4.	ਜਨਮ ਮਿਤੀ	:	17-06-1998
5.	ਭਰਤੀ ਦੀ ਮਿਤੀ	:	13-03-2023
6.	ਕੈਟਾਗਿਰੀ	:	ਜਨਰਲ

ਸਹੀ/-

ਸੁਰਿੰਦਰਜੀਤ ਸਿੰਘ ਮੰਡ, (ਆਈ.ਪੀ.ਐਸ),

ਡਿਪਟੀ ਇੰਸਪੈਕਟਰ ਜਨਰਲ ਆਫ ਪੁਲਿਸ (ਜੇਲ੍ਹਾ)

ਕਮ-ਸੁਪਰਡੈਂਟ ਹੈਡਕੁਆਟਰ ਜੇਲ੍ਹ ਫਿਰੋਜਪੁਰ ਸਰਕਲ

3722/5-2026/Pb.Govt.Press, S.A.S. Nagar